# ਭੁਗਤਾਨ ਕਿਵੇਂ ਕਰਨਾ ਹੈ

## ਭੁਗਤਾਨ ਦੇ ਵਿਕਲਪ

**ਵਿੱਤੀ ਸੰਸਥਾਵਾਂ**
ਭੁਗਤਾਨ ਟੈਲੀਫੋਨ ਅਤੇ ਔਨਲਾਈਨ ਬੈਂਕਿੰਗ ਦੁਆਰਾ, ਜਾਂ ਤੁਹਾਡੇ ਬੈਂਕ ਜਾਂ ਵਿੱਤੀ ਸੰਸਥਾ ਵਿੱਚ ਵਿਅਕਤੀਗਤ ਤੌਰ 'ਤੇ ਕੀਤਾ ਜਾ ਸਕਦਾ ਹੈ।

**ਆਖਰੀ ਮਿਤੀ ਤੋਂ ਪਹਿਲਾਂ ਤੁਹਾਡੇ ਭੁਗਤਾਨ ਦੀ ਪ੍ਰਕਿਰਿਆ ਅਤੇ ਪ੍ਰਾਪਤੀ ਲਈ ਢੁਕਵਾਂ ਸਮਾਂ ਯਕੀਨੀ ਬਣਾਓ।**

**ਡਾਕ**
ਭੁਗਤਾਨ (ਨਕਦੀ ਨਹੀਂ) ਇੱਥੇ ਭੇਜੋ:
The City of Calgary.
P.O. Box 2405 STN M,
Calgary, AB T2P 3L9.
ਚੈਕਾਂ ਨੂੰ The City of Calgary ਦੇ ਨਾਂ ਭੁਗਤਾਨਯੋਗ ਬਣਾਓ।

**ਕੈਲਗਰੀ ਸ਼ਹਿਰ ਪ੍ਰਾਪਰਟੀ ਟੈਕਸ ਲਈ ਕ੍ਰੈਡਿਟ ਕਾਰਡ ਭੁਗਤਾਨ ਸਵੀਕਾਰ ਨਹੀਂ ਕਰਦਾ।**

**ਵਿਅਕਤੀਗਤ ਤੌਰ 'ਤੇ (ਇਨ-ਪਰਸਨ)**
ਨਕਦ, ਚੈਕ ਜਾਂ ਇੰਟਰੈਕ ਡੈਬਿਟ ਦੁਆਰਾ ਭੁਗਤਾਨ ਇੱਥੇ ਕੀਤਾ ਜਾ ਸਕਦਾ ਹੈ:
**City Payment Services**
3rd floor, Calgary Municipal Building,
800 Macleod Trail S.E.
ਸੋਮ.–ਸ਼ੁੱਕਰ, ਸਵੇਰੇ 8 ਵਜੇ – ਸ਼ਾਮ 4:30 ਵਜੇ

**ਟੈਕਸ ਇੰਸਟਾਲਮੈਂਟ ਪੇਮੈਂਟ ਪਲੈਨ (TIPP)**
ਆਪਣੀ ਕੁੱਲ ਟੈਕਸ ਰਕਮ ਦਾ ਭੁਗਤਾਨ ਮਹੀਨਾਵਾਰ ਕਿਸ਼ਤਾਂ ਵਿੱਚ ਕਰਨ ਅਤੇ ਜੁਰਮਾਨੇ ਤੋਂ ਬਚਣ ਲਈ ਭੁਗਤਾਨ ਦੀ ਨਿਯਤ ਮਿਤੀ ਤੋਂ ਪਹਿਲਾਂ ਸਾਈਨ-ਅੱਪ ਕਰੋ। TIPP ਹਰ ਸਾਲ ਆਟੋ ਰੀਨਿਊ ਹੁੰਦਾ ਹੈ ਅਤੇ ਇਸ ਵਿਚ ਸ਼ਾਮਲ ਹੋਣਾ ਮੁਫ਼ਤ ਹੈ। ਨਵਾਂ, ਸਰਲ, ਸੁਰੱਖਿਅਤ ਸਾਈਨ-ਅੱਪ।
ਹੋਰ ਜਾਣਨ ਲਈ
**calgary.ca/TIPP** 'ਤੇ ਜਾਓ।

## ਭੁਗਤਾਨ ਕਰਦੇ ਸਮੇਂ ਮਦਦਗਾਰ ਸੁਝਾਅ

**ਪ੍ਰਾਪਰਟੀ ਟੈਕਸ ਭੁਗਤਾਨ ਦੀ ਨਿਯਤ ਮਿਤੀ 30 ਜੂਨ, 2026 ਹੈ।**

- ਤੁਹਾਡਾ ਅਕਾਊਂਟ ਨੰਬਰ ਤੁਹਾਡੇ ਟੈਕਸ ਬਿੱਲ ਅਤੇ ਮੁਲਾਂਕਣ ਨੋਟਿਸ 'ਤੇ ਦਰਸਾਇਆ ਗਿਆ 9 ਅੰਕਾਂ ਵਾਲਾ ਰੋਲ ਨੰਬਰ ਹੈ।
- ਕਿਸੇ ਵਿੱਤੀ ਸੰਸਥਾ ਰਾਹੀਂ ਭੁਗਤਾਨ ਕਰਦੇ ਸਮੇਂ, ਭੁਗਤਾਨ ਪ੍ਰਾਪਤਕਰਤਾ ਵਜੋਂ "Calgary (City of) Property Tax" ਜਾਂ "Calgary Property Tax" ਦੀ ਚੋਣ ਕਰੋ।
- ਆਖਰੀ ਮਿਤੀ ਤੋਂ ਪਹਿਲਾਂ ਤੁਹਾਡੇ ਭੁਗਤਾਨ ਦੀ ਪ੍ਰਕਿਰਿਆ ਅਤੇ ਪ੍ਰਾਪਤੀ ਲਈ ਢੁਕਵਾਂ ਸਮਾਂ ਯਕੀਨੀ ਬਣਾਓ। ਆਖਰੀ ਮਿਤੀ ਤੋਂ ਬਾਅਦ ਪ੍ਰਾਪਤ ਹੋਏ ਭੁਗਤਾਨਾਂ 'ਤੇ ਦੇਰੀ ਨਾਲ ਕੀਤੇ ਗਏ ਭੁਗਤਾਨ ਦਾ ਜੁਰਮਾਨਾ ਲੱਗੇਗਾ।
- ਨਿਯਤ ਮਿਤੀ ਤੋਂ ਬਾਅਦ ਡਾਕ ਰਾਹੀਂ ਪ੍ਰਾਪਤ ਕੀਤੇ ਭੁਗਤਾਨਾਂ ਦੀ ਪ੍ਰਭਾਵੀ ਮਿਤੀ ਕੈਨੇਡਾ ਪੋਸਟ ਪੋਸਟਮਾਰਕ ਦੀ ਮਿਤੀ ਹੋਵੇਗੀ। ਜੇਕਰ ਕੈਨੇਡਾ ਪੋਸਟ ਪੋਸਟਮਾਰਕ ਗੈਰਹਾਜ਼ਰ ਜਾਂ ਪੜ੍ਹਨ ਯੋਗ ਨਹੀਂ ਹੈ, ਤਾਂ ਭੁਗਤਾਨ ਦੀ ਪ੍ਰਭਾਵੀ ਮਿਤੀ ਪ੍ਰਾਪਤ ਹੋਣ ਦੀ ਮਿਤੀ ਹੋਵੇਗੀ ਅਤੇ ਜੁਰਮਾਨਾ ਲਗਾਇਆ ਜਾਵੇਗਾ।
- ਜੇਕਰ ਤੁਸੀਂ ਹਾਲ ਹੀ ਵਿੱਚ ਘਰ ਬਦਲਿਆ ਹੈ, ਤਾਂ ਯਕੀਨੀ ਬਣਾਓ ਕਿ ਤੁਸੀਂ ਸਹੀ ਰੋਲ ਨੰਬਰ ਦੀ ਵਰਤੋਂ ਕਰਦੇ ਹੋ ਅਤੇ/ਜਾਂ ਆਪਣੀ ਬੈਂਕਿੰਗ ਜਾਣਕਾਰੀ ਨੂੰ ਅਪਡੇਟ ਕਰਦੇ ਹੋ।
- ਕੌਂਡੋਮੀਨੀਅਮ ਪ੍ਰਾਪਰਟੀ ਦੇ ਮਾਲਕਾਂ ਲਈ, ਪਾਰਕਿੰਗ ਸਟਾਲਾਂ ਅਤੇ ਸਟੋਰੇਜ ਯੂਨਿਟਾਂ ਦਾ ਵੱਖਰਾ ਮੁਲਾਂਕਣ ਕੀਤਾ ਜਾ ਸਕਦਾ ਹੈ ਅਤੇ ਵੱਖਰੇ ਤੌਰ 'ਤੇ ਟੈਕਸ ਲਗਾਇਆ ਜਾ ਸਕਦਾ ਹੈ। ਹਰੇਕ ਰੋਲ ਨੰਬਰ ਲਈ ਵੱਖਰੇ ਤੌਰ 'ਤੇ ਭੁਗਤਾਨ ਕਰਨਾ ਯਕੀਨੀ ਬਣਾਓ।

## ਮਹੱਤਵਪੂਰਨ ਜਾਣਕਾਰੀ

**ਮੈਂ ਇੱਕ ਰਸਮੀ ਮੁਲਾਂਕਣ ਸ਼ਿਕਾਇਤ ਦਰਜ ਕੀਤੀ ਹੈ। ਕੀ ਮੈਨੂੰ ਅਜੇ ਵੀ ਆਪਣੇ ਬਿਲ 'ਤੇ ਦਰਸਾਏ ਗਏ ਪ੍ਰਾਪਰਟੀ ਟੈਕਸ ਦੀ ਰਕਮ ਦਾ ਭੁਗਤਾਨ ਕਰਨਾ ਪਵੇਗਾ?**
ਜੇ ਤੁਸੀਂ ਆਪਣੀ ਪ੍ਰਾਪਰਟੀ ਦੇ ਮੁਲਾਂਕਣ ਵਿਰੁੱਧ ਸ਼ਿਕਾਇਤ ਦਰਜ ਕੀਤੀ ਹੈ, ਤਾਂ ਵੀ ਤੁਹਾਨੂੰ ਜੁਰਮਾਨੇ ਤੋਂ ਬਚਣ ਲਈ ਨਿਯਤ ਮਿਤੀ ਤੱਕ ਬਕਾਇਆ ਟੈਕਸ ਦਾ ਭੁਗਤਾਨ ਕਰਨਾ ਪਵੇਗਾ। ਜੇਕਰ ਤੁਹਾਡੀ ਸ਼ਿਕਾਇਤ 'ਤੇ ਫੈਸਲੇ ਦੇ ਨਤੀਜੇ ਵਜੋਂ ਟੈਕਸ ਦੀ ਰਕਮ ਘੱਟ ਹੁੰਦੀ ਹੈ, ਤਾਂ ਸਿਟੀ ਤੁਹਾਡੇ ਖਾਤੇ ਵਿੱਚ ਕ੍ਰੈਡਿਟ ਕਰ ਦੇਵੇਗੀ।

**ਮੈਂ ਆਪਣਾ ਡਾਕ ਪਤਾ ਕਿਵੇਂ ਬਦਲ ਸਕਦਾ/ਸਕਦੀ ਹਾਂ?**
**ਅਲਬਰਟਾ ਲੈਂਡ ਟਾਈਟਲਜ਼:** ਆਪਣੇ ਮੁਲਾਂਕਣ ਨੋਟਿਸ ਜਾਂ ਟੈਕਸ ਬਿੱਲ 'ਤੇ ਆਪਣਾ ਡਾਕ ਪਤਾ, ਕਾਨੂੰਨੀ ਨਾਮ ਬਦਲਣ ਲਈ, ਜਾਂ ਸਪੈਲਿੰਗ ਸੋਧਾਂ ਲਈ alberta.ca/land-titles 'ਤੇ ਜਾਓ।
**ਸਿਟੀ:** ਜੇਕਰ ਤੁਸੀਂ TIPP ਭਾਗੀਦਾਰ ਹੋ ਜਾਂ ਤੁਹਾਡੀ ਕੋਈ ਪ੍ਰਾਪਰਟੀ ਜ਼ਮੀਨ ਨਾਲ ਸਬੰਧਤ ਨਹੀਂ ਹੈ (ਉਦਾਹਰਨ ਲਈ, ਨਿਰਮਿਤ ਘਰ, ਪਟੇਦਾਰ, ਰੇਖਿਕ, ਆਦਿ), ਤਾਂ 311 ਨਾਲ ਸੰਪਰਕ ਕਰਕੇ ਆਪਣੀ ਜਾਣਕਾਰੀ ਨੂੰ ਅਪਡੇਟ ਕਰੋ।

**ਮੈਨੂੰ ਹਾਲ ਹੀ ਵਿੱਚ ਵੇਚੀ ਗਈ ਪ੍ਰਾਪਰਟੀ ਦਾ ਟੈਕਸ ਬਿੱਲ ਪ੍ਰਾਪਤ ਹੋਇਆ ਹੈ, ਕੀ ਮੈਨੂੰ ਇਸਦਾ ਭੁਗਤਾਨ ਕਰਨ ਦੀ ਲੋੜ ਹੈ?**
ਭੁਗਤਾਨ ਦੀ ਨਿਯਤ ਮਿਤੀ ਤੋਂ ਪਹਿਲਾਂ ਆਪਣੀਆਂ ਭੁਗਤਾਨ ਜ਼ਿੰਮੇਵਾਰੀਆਂ ਬਾਰੇ ਚਰਚਾ ਕਰਨ ਲਈ ਕਿਰਪਾ ਕਰਕੇ ਆਪਣੇ ਕਾਨੂੰਨੀ ਪ੍ਰਤੀਨਿਧੀ ਨਾਲ ਸੰਪਰਕ ਕਰੋ।

**ਮੈਂ ਆਪਣੀ ਮੋਰਟਗੇਜ ਕੰਪਨੀ ਰਾਹੀਂ ਆਪਣਾ ਪ੍ਰਾਪਰਟੀ ਟੈਕਸ ਅਦਾ ਕਰਦਾ/ਕਰਦੀ ਹਾਂ, ਮੈਨੂੰ ਬਿੱਲ ਕਿਉਂ ਮਿਲਿਆ?**
ਇਹ ਬਿੱਲ ਤੁਹਾਡੇ ਰਿਕਾਰਡਾਂ ਲਈ ਹੈ। ਤੁਹਾਡੇ ਬਿਲ 'ਤੇ ਤੁਹਾਡੇ ਪ੍ਰਾਪਰਟੀ ਟੈਕਸ ਲਈ ਇਨਵੌਇਸ ਕੀਤੀ ਜਾ ਰਹੀ ਕੰਪਨੀ ਦਾ ਨਾਮ ਦਿਖਾਈ ਦਿੰਦਾ ਹੈ। ਤੁਹਾਡੇ ਮੋਰਟਗੇਜ ਭੁਗਤਾਨ ਵਿੱਚ ਮੂਲ ਰਕਮ (principal), ਵਿਆਜ (interest) ਅਤੇ ਟੈਕਸ (tax) (PIT) ਸ਼ਾਮਲ ਹੁੰਦੇ ਹਨ। ਕੰਪਨੀ ਤੁਹਾਡੇ ਟੈਕਸ ਲਈ ਇੱਕ ਇਨਵੌਇਸ ਪ੍ਰਾਪਤ ਕਰੇਗੀ। ਜੇਕਰ ਤੁਹਾਡੇ ਬਿੱਲ 'ਤੇ ਦਰਸਾਈ ਮੋਰਟਗੇਜ ਕੰਪਨੀ ਹੁਣ ਜ਼ਿੰਮੇਵਾਰ ਨਹੀਂ ਹੈ, ਤਾਂ ਤੁਸੀਂ ਜੁਰਮਾਨੇ ਤੋਂ ਬਚਣ ਲਈ ਨਿਯਤ ਮਿਤੀ ਤੱਕ ਟੈਕਸ ਦਾ ਭੁਗਤਾਨ ਕਰਨ ਲਈ ਜ਼ਿੰਮੇਵਾਰ ਹੋ। PIT ਭੁਗਤਾਨਾਂ ਸੰਬੰਧੀ ਕੋਈ ਵੀ ਸਵਾਲ ਹੋਣ 'ਤੇ ਆਪਣੇ ਮੋਰਟਗੇਜ ਧਾਰਕ ਨਾਲ ਸੰਪਰਕ ਕਰੋ।

**ਕੀ ਮੈਂ ਆਪਣੀ ਪ੍ਰਾਪਰਟੀ ਦਾ ਟੈਕਸ ਬਿੱਲ ਔਨਲਾਈਨ ਦੇਖ ਸਕਦਾ/ਸਕਦੀ ਹਾਂ?**
ਹਾਂ, ਮੌਜੂਦਾ ਅਤੇ ਪਿਛਲੇ ਟੈਕਸ ਬਿੱਲਾਂ ਨੂੰ ਦੇਖਣ ਲਈ
**calgary.ca/myTax** 'ਤੇ ਜਾਓ।

## ਕੀ ਤੁਸੀਂ ਪਹਿਲਾਂ ਤੋਂ ਹੀ TIPP ਭਾਗੀਦਾਰ ਹੋ?

ਤੁਹਾਡੀ ਮਾਸਿਕ TIPP ਕਿਸ਼ਤ ਦੀ ਰਕਮ ਨੂੰ ਮੌਜੂਦਾ ਸਾਲ ਦੇ ਟੈਕਸ ਨੂੰ ਦਰਸਾਉਣ ਲਈ ਐਡਜਸਟ ਕੀਤਾ ਗਿਆ ਹੈ। ਨਵੀਂ ਮਾਸਿਕ ਕਿਸ਼ਤ ਦੀ ਰਕਮ ਤੁਹਾਡੇ ਬਿਲ 'ਤੇ ਦੱਸੀ ਗਈ ਹੈ। ਇਹ ਐਡਜਸਟਮੈਂਟ (ਵਧਾਉਣਾ ਜਾਂ ਘਟਣਾ) ਇਹ ਯਕੀਨੀ ਬਣਾਉਣ ਲਈ ਹੈ ਕਿ ਤੁਸੀਂ ਆਪਣੇ ਕੁੱਲ ਟੈਕਸ ਬਕਾਏ ਤੋਂ ਵੱਧ ਜਾਂ ਘੱਟ ਦਾ ਭੁਗਤਾਨ ਨਾ ਕਰੋ।

*ਆਪਣੇ TIPP ਖਾਤੇ ਵਿੱਚ ਤਬਦੀਲੀਆਂ ਕਰਨ ਲਈ ਕਿਰਪਾ ਕਰਕੇ ਅਗਲੀ ਭੁਗਤਾਨ ਨਿਕਾਸੀ ਤੋਂ ਪਹਿਲਾਂ, ਮਹੀਨੇ ਦੀ 22 ਤਾਰੀਖ ਤੱਕ* ***calgary.ca/TIPP*** *'ਤੇ ਜਾਓ।*

## ਜੁਰਮਾਨੇ

ਜੇਕਰ ਨਿਯਤ ਮਿਤੀ ਤੱਕ ਪੂਰਾ ਭੁਗਤਾਨ ਪ੍ਰਾਪਤ ਨਹੀਂ ਹੁੰਦਾ ਹੈ ਜਾਂ ਤੁਸੀਂ TIPP 'ਤੇ ਨਾਮਾਂਕਿਤ ਨਹੀਂ ਹੋ, ਤਾਂ ਤੁਹਾਡੇ ਅਕਾਊਂਟ ਨੂੰ ਕੈਲਗਰੀ ਪੈਨਲਟੀ ਬਾਈਲਾਅ (8M2002) ਦੇ ਅਧੀਨ, ਹੇਠਾਂ ਦਿੱਤੇ ਜੁਰਮਾਨੇ ਲਗਾਏ ਜਾ ਸਕਦੇ ਹਨ:

- 1 ਜੁਲਾਈ ਅਤੇ 1 ਅਕਤੂਬਰ ਨੂੰ: ਮੌਜੂਦਾ ਸਾਲ ਦੇ ਭੁਗਤਾਨ ਨਾ ਕੀਤੇ ਗਏ ਟੈਕਸ ਦਾ 7%।
- 1 ਜਨਵਰੀ ਤੋਂ ਸ਼ੁਰੂ ਹੋ ਕੇ ਹਰ ਮਹੀਨੇ ਦੇ ਪਹਿਲੇ ਦਿਨ: ਟੈਕਸ ਦੇ ਬਕਾਏ ਦਾ 1%।

**ਵਾਪਸ ਕੀਤੇ ਭੁਗਤਾਨ ਅਤੇ ਸਰਵਿਸ ਚਾਰਜ**

- ਤੁਹਾਡੀ ਵਿੱਤੀ ਸੰਸਥਾ ਦੁਆਰਾ ਕਲੀਅਰ ਨਾ ਕੀਤੇ ਗਏ ਭੁਗਤਾਨਾਂ (ਉਦਾਹਰਨ ਲਈ, ਨਾਕਾਫ਼ੀ ਫੰਡ, ਬੰਦ ਬੈਂਕ ਖਾਤੇ, ਭੁਗਤਾਨ ਵੇਰਵੇ ਦੀਆਂ ਤਰੁੱਟੀਆਂ, ਅਸਵੀਕਾਰ ਭੁਗਤਾਨ, ਆਦਿ) ਦੇ ਨਤੀਜੇ ਵਜੋਂ ਲਾਗੂ ਹੋਣ ਵਾਲੇ ਜੁਰਮਾਨਿਆਂ ਤੋਂ ਇਲਾਵਾ $35 ਦਾ ਸਰਵਿਸ ਚਾਰਜ ਲੱਗ ਸਕਦਾ ਹੈ। ਕਈ ਰੋਲ ਨੰਬਰਾਂ ਲਈ, ਹਰੇਕ ਰੋਲ ਨੰਬਰ 'ਤੇ $10 ਦਾ ਵਾਧੂ ਸਰਵਿਸ ਚਾਰਜ ਲਗਾਇਆ ਜਾ ਸਕਦਾ ਹੈ।
- ਜੇਕਰ ਕੋਈ ਭੁਗਤਾਨ ਗਲਤ ਅਕਾਊਂਟ ਵਿੱਚ ਕੀਤਾ ਜਾਂਦਾ ਹੈ ਜਾਂ ਇੱਕ ਤੋਂ ਵੱਧ ਅਕਾਊਂਟਾਂ ਲਈ ਇੱਛਿਤ ਸੀ, ਤਾਂ ਕਿਸੇ ਵੀ ਸੁਧਾਰ/ਟ੍ਰਾਂਸਫਰ ਲਈ $25 ਦਾ ਸਰਵਿਸ ਚਾਰਜ ਲੱਗ ਸਕਦਾ ਹੈ।

## ਹੋਰ ਜਾਣਕਾਰੀ ਲਈ ਸਾਡੇ ਨਾਲ ਸੰਪਰਕ ਕਰੋ

ਭੁਗਤਾਨ ਦੀ ਰਸੀਦ ਦੀ ਬੇਨਤੀ ਕਰਨ ਲਈ 311 'ਤੇ ਕਾਲ ਕਰੋ।

**ਫੋਨ**
311 (ਕੈਲਗਰੀ ਤੋਂ ਬਾਹਰ 403-268-2489)

**ਸੁਣਨ ਵਿੱਚ ਅਸਮਰੱਥ**
711 'ਤੇ ਕਾਲ ਕਰੋ ਅਤੇ 311 ਦੀ ਬੇਨਤੀ ਕਰੋ
(ਜੇਕਰ ਕੈਲਗਰੀ ਤੋਂ ਬਾਹਰ ਹੋ ਤਾਂ 403-268-2489)

**Assessment & Tax**
3rd floor, Calgary Municipal Building,
800 Macleod Trail S.E.
ਸੋਮ.–ਸ਼ੁੱਕਰ, ਸਵੇਰੇ 8 ਵਜੇ ਤੋਂ ਸ਼ਾਮ 4:30 ਵਜੇ ਤੱਕ

**ਸਾਨੂੰ calgary.ca/propertytax 'ਤੇ ਦੇਖੋ।**

**ਮੌਜੂਦਾ ਅਤੇ ਪਿਛਲੇ ਟੈਕਸ ਬਿੱਲਾਂ ਨੂੰ ਦੇਖਣ ਲਈ calgary.ca/myTax 'ਤੇ ਜਾਓ।**

ਅਨੁਵਾਦਿਤ ਟੈਕਸ ਜਾਣਕਾਰੀ ਔਨਲਾਈਨ ਉਪਲਬਧ ਹੈ, ਜਿਸ ਵਿੱਚ ਸ਼ਾਮਲ ਹਨ:
پښتو | 简体中文 | ਪੰਜਾਬੀ | Español | العربية

26-0054788 | CRV-45944

Calgary

# ਤੁਹਾਡਾ 2026 ਪ੍ਰਾਪਰਟੀ ਟੈਕਸ




**ਭੁਗਤਾਨ ਦੀ ਨਿਯਤ ਮਿਤੀ 30 ਜੂਨ, 2026 ਹੈ**
ਜਾਂ ਮਹੀਨਾਵਾਰ ਭੁਗਤਾਨ ਕਰਨ ਲਈ TIPP ਵਿੱਚ ਸ਼ਾਮਲ ਹੋਵੋ।

**calgary.ca/propertytax**

ਤੁਹਾਡੇ ਪ੍ਰਾਪਰਟੀ ਟੈਕਸ ਵਿੱਚ ਸਿਟੀ ਅਤੇ ਸੂਬਾਈ ਦੋਵੇਂ ਹਿੱਸੇ ਸ਼ਾਮਲ ਹੁੰਦੇ ਹਨ। ਸਿਟੀ ਪ੍ਰਾਪਰਟੀ ਟੈਕਸ ਕੈਲਗਰੀ ਨੂੰ ਰਹਿਣ ਲਈ ਵਧੀਆ ਜਗ੍ਹਾ ਬਣਾਉਣ ਵਿੱਚ ਤੁਹਾਡਾ ਨਿਵੇਸ਼ ਹੈ। ਤੁਹਾਡੇ ਟੈਕਸ ਡਾਲਰ ਉਹਨਾਂ ਸੇਵਾਵਾਂ ਦੀ ਡਿਲਿਵਰੀ ਦਾ ਸਮਰਥਨ ਕਰਦੇ ਹਨ ਜਿਹਨਾਂ ਦੀ ਕੈਲਗਰੀ ਵਾਸੀਆਂ ਨੂੰ ਹਰ ਰੋਜ਼ ਲੋੜ ਹੁੰਦੀ ਹੈ ਅਤੇ ਉਹਨਾਂ ਲਈ ਮਹੱਤਵਪੂਰਨ ਹਨ। ਸੂਬਾਈ ਹਿੱਸਾ, ਰਿਹਾਇਸ਼ੀ ਟੈਕਸ ਦਾ ਲਗਭਗ 42 ਫੀਸਦੀ, ਅਲਬਰਟਾ ਸਰਕਾਰ ਨੂੰ ਟ੍ਰਾਂਸਫਰ ਕੀਤਾ ਜਾਂਦਾ ਹੈ।

## ਸਿਟੀ ਪ੍ਰਾਪਰਟੀ ਟੈਕਸ

ਸਿਟੀ ਪ੍ਰਾਪਰਟੀ ਟੈਕਸ ਦੀ ਲੋੜੀਂਦੀ ਮਾਤਰਾ ਨਿਰਧਾਰਤ ਕਰਨ ਲਈ, ਕੌਂਸਲ ਹਰ ਸਾਲ ਸਿਟੀ ਸੇਵਾਵਾਂ ਨੂੰ ਸਮਰਥਨ ਦੇਣ ਲਈ ਸਾਲਾਨਾ ਬਜਟ ਨੂੰ ਮਨਜ਼ੂਰੀ ਦਿੰਦੀ ਹੈ। ਇਸ ਤੋਂ, ਸਿਟੀ ਸਮੁੱਚਾ ਖਰਚਾ ਲੈਂਦੀ ਹੈ ਅਤੇ ਆਮਦਨ ਦੇ ਹੋਰ ਸਾਰੇ ਸਰੋਤਾਂ ਜਿਵੇਂ ਕਿ ਲਾਇਸੈਂਸ ਫੀਸ, ਪਰਮਿਟ, ਉਪਭੋਗਤਾ ਫੀਸ ਅਤੇ ਸੂਬਾਈ ਗ੍ਰਾਂਟਾਂ ਨੂੰ ਇਸ ਵਿਚੋਂ ਘਟਾਉਂਦੀ ਹੈ। ਬਚੀ ਹੋਏ ਰਕਮ ਸਿਟੀ ਪ੍ਰਾਪਰਟੀ ਟੈਕਸ ਰਾਹੀਂ ਇਕੱਠੀ ਕੀਤੀ ਜਾਣ ਵਾਲੀ ਰਕਮ ਹੈ।




** ਲਗਭਗ*

### ਸਿਟੀ ਪ੍ਰਾਪਰਟੀ ਟੈਕਸ ਦੀ ਗਣਨਾ ਕਰਨਾ

ਹਰੇਕ ਮੁਲਾਂਕਣ ਸ਼੍ਰੇਣੀ (ਰਿਹਾਇਸ਼ੀ, ਗੈਰ-ਰਿਹਾਇਸ਼ੀ ਅਤੇ ਫਾਰਮਲੈਂਡ) ਲਈ ਸਿਟੀ ਅਤੇ ਸੂਬਾਈ ਟੈਕਸ ਦਰਾਂ ਸਥਾਪਿਤ ਕੀਤੀਆਂ ਗਈਆਂ ਹਨ। ਇਹ ਦਰਾਂ ਮੁਲਾਂਕਣ ਕੀਤੇ ਮੁੱਲ ਦੇ ਹਰ $1 ਲਈ ਅਦਾ ਕੀਤੇ ਜਾਣ ਵਾਲੇ ਟੈਕਸ ਦੀ ਮਾਤਰਾ ਦਰਸਾਉਂਦੀਆਂ ਹਨ। ਤੁਹਾਡੀ ਪ੍ਰਾਪਰਟੀ ਦੇ ਮੁਲਾਂਕਣ ਦੀ ਵਰਤੋਂ ਸਿਟੀ ਅਤੇ ਅਲਬਰਟਾ ਸਰਕਾਰ ਦੁਆਰਾ ਇਕੱਤਰ ਕੀਤੇ ਕੁੱਲ ਮਾਲੀਏ ਵਿਚ ਤੁਹਾਡੇ ਹਿੱਸੇ ਦੀ ਗਣਨਾ ਕਰਨ ਲਈ ਕੀਤੀ ਜਾਂਦੀ ਹੈ। ਤੁਹਾਡੀ ਪ੍ਰਾਪਰਟੀ ਦਾ ਮੁਲਾਂਕਣ 1 ਜੁਲਾਈ, 2025 ਨੂੰ ਤੁਹਾਡੀ ਪ੍ਰਾਪਰਟੀ ਦੇ ਬਾਜ਼ਾਰ ਮੁੱਲ 'ਤੇ ਆਧਾਰਿਤ ਹੈ।

ਸਿਟੀ ਪ੍ਰਾਪਰਟੀ ਟੈਕਸ ਦਰ ਨਿਰਧਾਰਤ ਕਰਨ ਲਈ ਵਰਤਿਆ ਜਾਣ ਵਾਲਾ ਫਾਰਮੂਲਾ:

**ਸਿਟੀ ਦੀ ਟੈਕਸ ਦਰ** = **ਸਿਟੀ ਔਫ ਕੈਲਗਰੀ ਵੱਲੋਂ ਪ੍ਰਾਪਰਟੀ ਟੈਕਸਾਂ ਤੋਂ ਲੋੜੀਂਦਾ ਕੁੱਲ ਮਾਲੀਆ** / **ਕੁੱਲ ਮੁਲਾਂਕਣ**

## ਸੂਬਾਈ ਪ੍ਰਾਪਰਟੀ ਟੈਕਸ

ਅਲਬਰਟਾ ਸਰਕਾਰ ਇੱਕ ਬਜਟ ਸਥਾਪਤ ਕਰਦੀ ਹੈ ਅਤੇ ਪ੍ਰਾਪਰਟੀ ਟੈਕਸ ਤੋਂ ਲੋੜੀਂਦੇ ਮਾਲੀਏ ਦੇ ਅਧਾਰ 'ਤੇ ਟੈਕਸ ਦਰ ਨਿਰਧਾਰਤ ਕਰਦੀ ਹੈ। ਕੈਲਗਰੀ ਟੈਕਸਦਾਤਾ ਦਾ ਹਿੱਸਾ ਤੁਹਾਡੀ ਪ੍ਰਾਪਰਟੀ ਦੇ ਮੁਲਾਂਕਣ ਮੁੱਲ ਅਤੇ ਸੂਬੇ ਦੁਆਰਾ ਨਿਰਧਾਰਤ ਪ੍ਰਾਪਰਟੀ ਟੈਕਸ ਦਰ 'ਤੇ ਆਧਾਰਿਤ ਹੁੰਦਾ ਹੈ। *ਹੋਰ ਜਾਣਨ ਲਈ alberta.ca 'ਤੇ ਜਾਓ।*

### ਸੂਬਾਈ ਪ੍ਰਾਪਰਟੀ ਟੈਕਸ ਦਰ ਦੀ ਗਣਨਾ

ਅਲਬਰਟਾ ਸੂਬਾ ਪ੍ਰਾਪਰਟੀ ਟੈਕਸ ਤੋਂ ਲੋੜੀਂਦੇ ਮਾਲੀਏ ਦੇ ਆਧਾਰ 'ਤੇ ਟੈਕਸ ਦਰ ਸਥਾਪਤ ਕਰਦਾ ਹੈ।

ਸੂਬਾਈ ਟੈਕਸ ਦਰ ਨਿਰਧਾਰਤ ਕਰਨ ਲਈ ਵਰਤਿਆ ਜਾਣ ਵਾਲਾ ਫਾਰਮੂਲਾ:

**ਸੂਬਾਈ ਟੈਕਸ ਦਰ** = **ਪ੍ਰਾਪਰਟੀ ਟੈਕਸ ਤੋਂ ਅਲਬਰਟਾ ਸਰਕਾਰ ਵੱਲੋਂ ਲੋੜੀਂਦਾ ਕੁੱਲ ਮਾਲੀਆ** / **ਕੁੱਲ ਮੁਲਾਂਕਣ**

### ਤੁਹਾਡਾ 2026 ਪ੍ਰਾਪਰਟੀ ਟੈਕਸ

ਤੁਹਾਡੇ ਪ੍ਰਾਪਰਟੀ ਟੈਕਸ ਦੀ ਗਣਨਾ ਤੁਹਾਡੀ ਪ੍ਰਾਪਰਟੀ ਦੇ ਮੁਲਾਂਕਣ ਮੁੱਲ ਨੂੰ ਇਿਹਨਾਂ ਟੈਕਸ ਦਰਾਂ ਦੁਆਰਾ ਗੁਣਾ ਕਰਕੇ ਕੀਤੀ ਜਾਂਦੀ ਹੈ।

*ਹੋਰ ਜਾਣਕਾਰੀ ਲਈ calgary.ca/propertytax 'ਤੇ ਜਾਓ।*

ਤੁਹਾਡੇ ਪ੍ਰਾਪਰਟੀ ਟੈਕਸ ਬਿੱਲ ਨੂੰ ਨਿਰਧਾਰਤ ਕਰਨ ਲਈ ਵਰਤਿਆ ਜਾਣ ਵਾਲਾ ਫਾਰਮੂਲਾ:

**ਪ੍ਰਾਪਰਟੀ ਟੈਕਸ ਬਿੱਲ** = **(ਮੁਲਾਂਕਣ x ਸਿਟੀ ਟੈਕਸ ਦਰ)** + **(ਮੁਲਾਂਕਣ x ਸੂਬਾਈ ਟੈਕਸ ਦਰ*)**

* ਸਿਟੀ ਔਫ ਕੈਲਗਰੀ ਅਲਬਰਟਾ ਸਰਕਾਰ ਵੱਲੋਂ ਇਸ ਟੈਕਸ ਦੀ ਰਕਮ ਲਈ ਬਿੱਲ ਭੇਜਦੀ ਅਤੇ ਉਸ ਨੂੰ ਇਕੱਠਾ ਕਰਦੀ ਹੈ।

## ਲੇਵੀਆਂ (Levies) ਅਤੇ ਪ੍ਰਾਪਰਟੀ ਟੈਕਸ ਦੇ ਹੋਰ ਬਿੱਲ

ਤੁਹਾਡੇ ਪ੍ਰਾਪਰਟੀ ਟੈਕਸ ਬਿੱਲ ਵਿੱਚ ਹੇਠ ਲਿਖੀਆਂ ਚੀਜ਼ਾਂ ਬਾਰੇ ਖਾਸ ਜਾਣਕਾਰੀ ਹੋ ਸਕਦੀ ਹੈ। ਇਹ ਉਹ ਜਾਣਕਾਰੀ ਹੈ ਜੋ ਤੁਹਾਨੂੰ ਜਾਣਨ ਦੀ ਲੋੜ ਹੈ।

### ਸਥਾਨਕ ਸੁਧਾਰ ਲੇਵੀ (Local Improvement Levy)

ਸਥਾਨਕ ਸੁਧਾਰਾਂ ਵਿੱਚ ਨਵੇਂ ਜਾਂ ਬਦਲਣ ਵਾਲੇ ਨਿਰਮਾਣ ਪ੍ਰੋਜੈਕਟ, ਜਿਵੇਂ ਕਿ ਸਟ੍ਰੀਟ/ਲੇਨ ਪੇਵਿੰਗ, ਡਰਾਈਵਵੇਅ ਕ੍ਰਾਸਿੰਗ, ਸਾਈਡਵਾਕ ਬਦਲਣਾ, ਕਰਬ/ਗਟਰ ਰਿਪਲੇਸਮੈਂਟ, ਕਲੀਨ ਐਨਰਜੀ ਸੁਧਾਰ ਪ੍ਰੋਗਰਾਮ (CEIP), ਅਤੇ ਹੋਰ ਸ਼ਾਮਲ ਹਨ। ਲੇਵੀ ਵਿੱਚ ਵਿੱਤ ਦੀ ਲਾਗਤ ਸ਼ਾਮਲ ਹੁੰਦੀ ਹੈ ਪਰ ਹੋਰ ਵਿਆਜ ਖਰਚਿਆਂ ਤੋਂ ਬਚਣ ਲਈ ਅਮੋਰਟਾਈਜ਼ੇਸ਼ਨ ਦੀ ਮਿਆਦ ਦੇ ਦੌਰਾਨ ਕਿਸੇ ਵੀ ਸਾਲ ਸਿਟੀ ਨੂੰ ਭੁਗਤਾਨ ਕੀਤਾ ਜਾ ਸਕਦਾ ਹੈ। *ਵਧੇਰੇ ਜਾਣਕਾਰੀ ਲਈ* ***calgary.ca/localimprovements*** 'ਤੇ ਜਾਓ।

### ਕਮਿਊਨਿਟੀ ਰੀਵਾਇਟਲਾਈਜ਼ੇਸ਼ਨ ਲੇਵੀ (CRL) ਪ੍ਰੋਗਰਾਮ

ਰਿਵਰਜ਼ ਡਿਸਟ੍ਰਿਕਟ ਦੇ ਅੰਦਰ ਪ੍ਰਾਪਰਟੀਆਂ ਦਾ "ਬੇਸਲਾਈਨ ਮੁਲਾਂਕਣ" (Baseline Assessment) ਅਤੇ "ਵਾਧੇ ਵਾਲਾ ਮੁਲਾਂਕਣ" (Incremental Assessment) ਮੁੱਲ ਹੈ। "ਬੇਸਲਾਈਨ ਅਸੈਸਮੈਂਟ" ਪ੍ਰਾਪਰਟੀ ਦਾ 2007 ਦਾ ਮੁਲਾਂਕਣ ਮੁੱਲ ਹੈ। ਇਹ ਮੁੱਲ ਬਦਲਿਆ ਨਹੀਂ ਜਾਂਦਾ ਹੈ ਅਤੇ ਸਿਟੀ ਅਤੇ ਸੂਬਾਈ ਪ੍ਰਾਪਰਟੀ ਟੈਕਸ ਦਰਾਂ ਦੇ ਅਧੀਨ ਹੈ ਜਿਸ ਦੇ ਅਨੁਸਾਰ ਸਿਟੀ ਅਤੇ ਸੂਬੇ ਨੂੰ ਮਾਲੀਆ ਵੰਡਿਆ ਜਾਂਦਾ ਹੈ। "ਵਾਧੇ ਵਾਲਾ ਮੁਲਾਂਕਣ" ਮਾਰਕੀਟ ਮੁੱਲ ਮੁਲਾਂਕਣ ਤਬਦੀਲੀਆਂ ਦੇ ਆਧਾਰ 'ਤੇ "ਬੇਸਲਾਈਨ ਅਸੈਸਮੈਂਟ" ਤੋਂ ਉੱਪਰ ਪ੍ਰਾਪਰਟੀ ਦੇ ਮੁਲਾਂਕਣ ਮੁੱਲ ਵਿੱਚ ਕੋਈ ਵੀ ਵਾਧਾ ਹੈ। ਇਹ ਮੁੱਲ ਕੁੱਲ ਟੈਕਸ ਦਰ ਦੇ ਅਧੀਨ ਹੈ ਅਤੇ ਮਾਲੀਆ ਰਿਵਰਜ਼ ਡਿਸਟ੍ਰਿਕਟ ਦੇ ਅੰਦਰ ਬੁਨਿਆਦੀ ਢਾਂਚੇ ਦੇ ਸੁਧਾਰਾਂ ਨੂੰ ਫੰਡ ਕਰਨ ਲਈ ਇਕੱਠਾ ਕੀਤਾ ਜਾਂਦਾ ਹੈ। *ਕਮਿਊਨਿਟੀ ਰੀਵਾਈਟਲਾਈਜ਼ੇਸ਼ਨ ਲੇਵੀ ਬਾਰੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ* ***calgary.ca/propertytax*** *'ਤੇ ਜਾਓ*

### ਸਪਲੀਮੈਂਟਰੀ ਟੈਕਸ ਬਿੱਲ

ਜੇਕਰ ਕੈਲੰਡਰ ਸਾਲ ਦੌਰਾਨ ਇੱਕ ਨਵੀਂ ਇਮਾਰਤ ਜਾਂ ਮੌਜੂਦਾ ਇਮਾਰਤ ਵਿੱਚ ਵਾਧਾ ਪੂਰਾ ਕੀਤਾ ਜਾਂਦਾ ਹੈ, ਤਾਂ ਸਾਲ ਦੇ ਅੰਤ ਤੱਕ ਇੱਕ ਸਪਲੀਮੈਂਟਰੀ ਟੈਕਸ ਬਿੱਲ ਜਾਰੀ ਕੀਤਾ ਜਾਵੇਗਾ। ਸਪਲੀਮੈਂਟਰੀ ਟੈਕਸ ਬਿੱਲ ਸਾਲ ਦੇ ਦੌਰਾਨ ਇਮਾਰਤ ਨੂੰ ਪੂਰਾ ਕਰਨ ਜਾਂ ਰਹਿਣ ਦੇ ਮਹੀਨਿਆਂ ਦੀ ਸੰਖਿਆ ਨੂੰ ਦਰਸਾਏਗਾ। ਜੁਰਮਾਨੇ ਤੋਂ ਬਚਣ ਲਈ, ਸਪਲੀਮੈਂਟਰੀ ਟੈਕਸ ਬਿੱਲਾਂ ਦਾ ਭੁਗਤਾਨ ਬਿੱਲ 'ਤੇ ਦਰਸਾਈ ਗਈ ਨਿਯਤ ਮਿਤੀ ਤੱਕ ਕਰਨਾ ਲਾਜ਼ਮੀ ਹੈ। ਜੇਕਰ ਤੁਸੀਂ ਟੈਕਸ ਇੰਸਟਾਲਮੈਂਟ ਪੇਮੈਂਟ ਪਲੈਨ (TIPP) ਵਿੱਚ ਹਿੱਸਾ ਲੈਂਦੇ ਹੋ, ਤਾਂ ਤੁਹਾਡਾ ਸਪਲੀਮੈਂਟਰੀ ਟੈਕਸ ਬਿੱਲ ਵਿਵਸਥਿਤ ਮਾਸਿਕ ਭੁਗਤਾਨ ਦਿਖਾਏਗਾ।

## ਪ੍ਰਾਪਰਟੀ ਟੈਕਸ ਸਹਾਇਤਾ ਪ੍ਰੋਗਰਾਮ

ਵਿੱਤੀ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਰਿਹਾਇਸ਼ੀ ਪ੍ਰਾਪਰਟੀ ਮਾਲਕਾਂ ਦੀ ਸਹਾਇਤਾ ਲਈ ਪ੍ਰਾਪਰਟੀ ਟੈਕਸ ਸਹਾਇਤਾ ਪ੍ਰੋਗਰਾਮ ਉਪਲਬਧ ਹਨ।

### ਅਲਬਰਟਾ ਸਰਕਾਰ ਦਾ ਸੀਨੀਅਰਜ਼ ਪ੍ਰਾਪਰਟੀ ਟੈਕਸ ਡੈਫਰਲ ਪ੍ਰੋਗਰਾਮ

ਸੀਨੀਅਰਜ਼ ਪ੍ਰਾਪਰਟੀ ਟੈਕਸ ਡੈਫਰਲ ਪ੍ਰੋਗਰਾਮ ਯੋਗ ਸੀਨੀਅਰ ਮਕਾਨ ਮਾਲਕਾਂ ਨੂੰ ਅਲਬਰਟਾ ਸਰਕਾਰ ਨਾਲ ਹੋਮ ਇਕੁਇਟੀ ਲੋਨ ਰਾਹੀਂ ਆਪਣੇ ਪ੍ਰਾਪਰਟੀ ਟੈਕਸ ਦਾ ਸਾਰਾ ਜਾਂ ਕੁਝ ਹਿੱਸਾ ਮੁਲਤਵੀ ਕਰਨ ਦੀ ਇਜਾਜ਼ਤ ਦਿੰਦਾ ਹੈ। *ਯੋਗਤਾ ਅਤੇ ਅਰਜ਼ੀ ਦੇਣ ਦੇ ਤਰੀਕੇ ਸਮੇਤ ਪ੍ਰੋਗਰਾਮ ਬਾਰੇ ਜਾਣਕਾਰੀ ਲਈ* ***seniors-housing.alberta.ca*** *'ਤੇ ਜਾਓ ਜਾਂ 1-877-644-9992 'ਤੇ Alberta Supports ਨੂੰ ਕਾਲ ਕਰੋ।*

### ਪ੍ਰਾਪਰਟੀ ਟੈਕਸ ਅਸਿਸਟੈਂਸ ਪ੍ਰੋਗਰਾਮ

ਜੇਕਰ ਤੁਸੀਂ ਰਿਹਾਇਸ਼ੀ ਪ੍ਰਾਪਰਟੀ ਦੇ ਅਜਿਹੇ ਮਾਲਕ ਹੋ ਜੋ ਵਿੱਤੀ ਤੰਗੀ ਦਾ ਸਾਹਮਣਾ ਕਰ ਰਿਹਾ ਹੈ, ਤਾਂ ਉਮਰ ਦੀ ਪਰਵਾਹ ਕੀਤੇ ਬਿਨਾਂ, ਤੁਸੀਂ ਆਪਣੇ ਪਿਛਲੇ ਸਾਲ ਦੀ ਪ੍ਰਾਪਰਟੀ ਟੈਕਸ ਦੀ ਰਕਮ 'ਤੇ ਵਾਧੇ ਦੇ ਕ੍ਰੈਡਿਟ/ਗ੍ਰਾਂਟ ਲਈ ਯੋਗ ਹੋ ਸਕਦੇ ਹੋ। ਕ੍ਰੈਡਿਟ/ਗ੍ਰਾਂਟ ਸਿਰਫ਼ ਸਾਲ-ਦਰ-ਸਾਲ ਟੈਕਸ ਵਾਧੇ 'ਤੇ ਲਾਗੂ ਹੁੰਦੀ ਹੈ। *ਯੋਗਤਾ ਅਤੇ ਅਰਜ਼ੀ ਦੇਣ ਦੇ ਤਰੀਕੇ ਬਾਰੇ ਵਧੇਰੇ ਜਾਣਕਾਰੀ ਲਈ* ***calgary.ca/ptap*** *'ਤੇ ਜਾਓ।*

**ਕਿਰਪਾ ਕਰਕੇ ਨੋਟ ਕਰੋ:**
ਭਾਵੇਂ ਪ੍ਰਾਪਰਟੀ ਟੈਕਸ ਅਸਿਸਟੈਂਸ ਪ੍ਰੋਗਰਾਮ ਲਈ ਅਰਜ਼ੀ ਦਿੱਤੀ ਗਈ ਹੈ, ਭੁਗਤਾਨ ਦੇਰੀ ਨਾਲ ਕਰਨ ਦੇ ਜੁਰਮਾਨੇ ਤੋਂ ਬਚਣ ਲਈ, ਤੁਹਾਡੇ ਪ੍ਰਾਪਰਟੀ ਟੈਕਸ ਦਾ ਪੂਰਾ ਭੁਗਤਾਨ ਨਿਯਤ ਮਿਤੀ ਤੱਕ ਕੀਤਾ ਜਾਣਾ ਲਾਜ਼ਮੀ ਹੈ।

### ਦਇਆਵਾਨ (compassionate) ਪ੍ਰਾਪਰਟੀ ਟੈਕਸ ਜੁਰਮਾਨਾ ਰਾਹਤ ਪ੍ਰੋਗਰਾਮ

ਜੇਕਰ ਤੁਸੀਂ ਰਿਹਾਇਸ਼ੀ ਪ੍ਰਾਪਰਟੀ ਦੇ ਮਾਲਕ ਹੋ ਅਤੇ ਕਿਸੇ ਮਹੱਤਵਪੂਰਨ ਜੀਵਨ ਘਟਨਾ ਦੇ ਕਾਰਨ ਨਿਯਤ ਮਿਤੀ ਤੱਕ ਭੁਗਤਾਨ ਕਰਨ ਦੇ ਯੋਗ ਨਹੀਂ ਹੋ, ਤਾਂ ਤੁਸੀਂ ਵੱਧ ਤੋਂ ਵੱਧ ਤਿੰਨ (3) ਲਗਾਤਾਰ ਪ੍ਰਾਪਰਟੀ ਟੈਕਸ ਜੁਰਮਾਨਿਆਂ ਨੂੰ ਰੱਦ ਕਰਨ ਲਈ ਅਰਜ਼ੀ ਦੇ ਸਕਦੇ ਹੋ। ਪ੍ਰਾਪਰਟੀ ਦੇ ਮਾਲਕ ਜੋ ਇਸ ਪ੍ਰੋਗਰਾਮ ਸਹਾਇਤਾ ਲਈ ਅਰਜ਼ੀ ਦਿੰਦੇ ਹਨ, ਉਹ ਆਪਣੇ ਪ੍ਰਾਪਰਟੀ ਟੈਕਸ ਦਾ ਭੁਗਤਾਨ ਕਰਨ ਲਈ ਜ਼ਿੰਮੇਵਾਰ ਹਨ। *ਹੋਰ ਜਾਣਕਾਰੀ ਲਈ* ***calgary.ca/propertytax*** *'ਤੇ ਜਾਓ।*